# Official Spokesperson's response to media query on Pakistani law enacted to bring into effect the judgement of the International Court of Justice (ICJ) in the Kulbhushan Jadhav case

November 18, 2021

......................

## ਕੁਲਭੂਸ਼ਣ ਜਾਧਵ ਮਾਮਲੇ 'ਚ ਅੰਤਰਰਾਸ਼ਟਰੀ ਅਦਾਲਤ (ICJ) ਦੇ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਬਣਾਏ ਗਏ ਪਾਕਿਸਤਾਨੀ ਕਾਨੂੰਨ ਬਾਰੇ ਮੀਡੀਆ ਦੇ ਸਵਾਲਾਂ ਦਾ ਸਰਕਾਰੀ ਬੁਲਾਰੇ ਵੱਲੋਂ ਜਵਾਬ

**18 ਨਵੰਬਰ, 2021**

ਕੁਲਭੂਸ਼ਣ ਜਾਧਵ ਮਾਮਲੇ ‘ਚ ਅੰਤਰਰਾਸ਼ਟਰੀ ਅਦਾਲਤ (ICJ) ਦੇ ਫੈਸਲੇ ਨੂੰ ਅਮਲੀ ਰੂਪ ਦੇਣ ਲਈ ਬਣਾਏ ਗਏ ਪਾਕਿਸਤਾਨੀ ਕਾਨੂੰਨ ਬਾਰੇ ਮੀਡੀਆ ਦੇ ਸਵਾਲਾਂ ਦਾ ਜਵਾਬ ਦਿੰਦੇ ਹੋਏ ਸਰਕਾਰੀ ਬੁਲਾਰੇ ਸ਼੍ਰੀ ਅਰਿੰਦਮ ਬਾਗਚੀ ਨੇ ਕਿਹਾ:

“ਅਸੀਂ ਪਾਕਿਸਤਾਨ ਵੱਲੋਂ ਕੁਲਭੂਸ਼ਣ ਜਾਧਵ ਮਾਮਲੇ 'ਚ ਅੰਤਰਰਾਸ਼ਟਰੀ ਅਦਾਲਤ (ICJ) ਦੇ ਫੈਸਲੇ ਨੂੰ ਜ਼ਾਹਿਰ ਤੌਰ 'ਤੇ ਅਮਲੀ ਰੂਪ ਦੇਣ ਲਈ ਪਹਿਲਾਂ ਜਾਰੀ ਕੀਤੇ ਗਏ ਆਰਡੀਨੈਂਸ ਨੂੰ ਕ਼ਾਨੂਨ ਬਣਾਏ ਜਾਣ ਬਾਰੇ ਰਿਪੋਰਟਾਂ ਵੇਖੀਆਂ ਹਨ।

ਇਹ ਗੱਲ ਸੱਚਾਈ ਤੋਂ ਕੋਹਾਂ ਦੂਰ ਹੈ। ਜਿਵੇਂ ਕਿ ਪਹਿਲਾਂ ਕਿਹਾ ਗਿਆ ਹੈ, ICJ ਦੇ ਫੈਸਲੇ ਅੰਦਰ ਲਿਖੇ ਗਏ ਅਨੁਸਾਰ ਇਸ ਆਰਡੀਨੈਂਸ ਰਾਹੀਂ ਸ਼੍ਰੀ ਜਾਧਵ ਦੇ ਕੇਸ 'ਚ ਕਾਰਗਰ ਸਮੀਖਿਆ ਅਤੇ ਮੁੜ ਵਿਚਾਰ ਕਰਨ ਲਈ ਲੋੜੀਂਦੀ ਮਸ਼ੀਨਰੀ ਨਹੀਂ ਬਣਾਈ ਗਈ ਸੀ।

ਇਸ ਕਾਨੂੰਨ ਅੰਦਰ ਸਿਰਫ਼ ਪਿਛਲੇ ਆਰਡੀਨੈਂਸ ਦੀਆਂ ਕਮੀਆਂ ਨੂੰ ਸਪਸ਼ਟ ਰੂਪ ਦਿੱਤਾ ਗਿਆ ਹੈ।

ਪਾਕਿਸਤਾਨ ਸ਼੍ਰੀ ਜਾਧਵ ਨੂੰ ਨਿਰਵਿਘਨ ਅਤੇ ਖੁੱਲ੍ਹੇ ਤੌਰ 'ਤੇ ਕੌਂਸਲਰ ਪਹੁੰਚ ਦੇਣ ਤੋਂ ਇਨਕਾਰ ਕਰਦਾ ਰਿਹਾ ਹੈ ਅਤੇ ਨਿਰਪੱਖ ਮੁਕੱਦਮਾ ਚਲਾਉਣ ਲਈ ਢੁਕਵਾਂ ਮਾਹੌਲ ਬਣਾਉਣ ਵਿੱਚ ਨਾਕਾਮ ਰਿਹਾ ਹੈ।

ਭਾਰਤ ਨੇ ਪਾਕਿਸਤਾਨ ਨੂੰ ਵਾਰ-ਵਾਰ ਸ਼ਬਦਾਂ ਅਤੇ ਭਾਵਾਂ ਰਾਹੀਂ ICJ ਦੇ ਫੈਸਲੇ ਦੀ ਪਾਲਣਾ ਕਰਨ ਦੀ ਅਪੀਲ ਕੀਤੀ ਹੈ।

ਨਵੀਂ ਦਿੱਲੀ
18 ਨਵੰਬਰ, 2021

DISCLAIMER: This is an approximate translation. The original is available in English on MEA’s website and may be referred to as the official press release.